# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

# 18:20

**ਮਿਤੀ :06-05-2026**

**ਪਹਿਲਾਂ ਬੁਲੇਟਿਨ ਦੀਆਂ ਖਾਸ ਖ਼ਬਰਾਂ।**

- ਸਰਕਾਰ ਨੇ ਕਿਹਾ -ਘਰੇਲੂ LPG ਵੰਡ ਦੇਸ਼ ਭਰ ਵਿੱਚ ਆਮ ਵਾਂਗ ਜਾਰੀ ਏ।
- ਪੰਜਾਬ ਪੁਲਿਸ ਮੁਖੀ ਨੇ ਸੂਬੇ 'ਚ ਹੋਏ ਦੋਹਰੇ ਧਮਾਕਿਆਂ ਲਈ ਪਾਕਿਸਤਾਨ ਦੀ ISI ਨੂੰ ਜ਼ਿਮੇਵਾਰ ਦੱਸਿਆ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਅੱਜ ਚਾਰ ਦਿਨਾਂ ਦੀ ਸ਼ੁਕਰਾਨਾ ਯਾਤਰਾ ਦੀ ਸ਼ੁਰੂਆਤ ।
- ਪੰਜਾਬ ਦੇ ਨਾਮਵਰ ਕਵੀ ਅਤੇ "ਬਿਰਹਾ ਦੇ ਸੁਲਤਾਨ ''ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ ਮੌਕੇ ਬਟਾਲਾ 'ਚ ਕਵੀ ਦਰਬਾਰ ਦਾ ਆਯੋਜਨ।
- ਮੌਸਮ ਵਿਭਾਗ ਵਲੋਂ ਅੱਜ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਪਠਾਨਕੋਟ, ਬਟਾਲਾ ਅਤੇ ਨਵਾਂ ਸ਼ਹਿਰ ਵਿੱਚ ਗਰਜ ਚਮਕ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਪੇਸ਼ੀਨਗੋਈ।

- IPL ਕ੍ਰਿਕੇਟ ਵਿੱਚ, ਪੰਜਾਬ ਕਿੰਗਜ਼ ਦਾ ਮੁਕਾਬਲਾ, ਹੈਦਰਾਬਾਦ ਵਿੱਚ ਸ਼ਾਮੀਂ ਸਾਢੇ 7 ਵਜੇ ਸਨਰਾਈਜ਼ਰਸ ਹੈਦਰਾਬਾਦ ਨਾਲ ਹੋਵੇਗਾ।

## ਹੁਣ ਖ਼ਬਰਾਂ ਵਿਸਥਾਰ ਨਾਲ

ਸਰਕਾਰ ਨੇ ਕਿਹਾ ਏ ਕਿ ਘਰੇਲੂ LPG ਵੰਡ ਦੇਸ਼ ਭਰ ਵਿੱਚ ਆਮ ਵਾਂਗ ਜਾਰੀ ਏ ਅਤੇ ਕਿਸੇ ਵੀ ਐਲਪੀਜੀ ਡਿਸਟ੍ਰੀਬਿਊਟਰ 'ਤੇ ਸਪਲਾਈ ਦੀ ਕਮੀ ਦੀ ਕੋਈ ਖਬਰ ਨਹੀਂ ਆਈ ਏ। ਨਵੀਂ ਦਿੱਲੀ ਵਿੱਚ ਇੱਕ ਅੰਤਰ-ਮੰਤਰਾਲਾ ਪ੍ਰੈਸ ਕਾਨਫਰੰਸ ਵਿੱਚ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਸੰਯੁਕਤ ਸਕੱਤਰ ਸੁਜਾਤਾ ਸ਼ਰਮਾ ਨੇ ਕਿਹਾ ਕਿ ਪੱਛਮੀ ਏਸ਼ੀਆ ਸੰਕਟ ਦੇ ਵਿਚਕਾਰ, ਸਰਕਾਰ ਘਰੇਲੂ ਐਲਪੀਜੀ ਖਪਤਕਾਰਾਂ ਨੂੰ 100 ਫੀਸਦੀ ਸਪਲਾਈ ਅਤੇ ਵਪਾਰਕ ਸਿਲੰਡਰ ਖਪਤਕਾਰਾਂ ਨੂੰ 70 ਫੀਸਦੀ ਸਪਲਾਈ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਏ। ਉਨ੍ਹਾਂ ਇਹ ਵੀ ਕਿਹਾ ਕਿ ਲਗਭਗ 95 ਫੀਸਦੀ ਐਲਪੀਜੀ ਸਿਲੰਡਰ ਪ੍ਰਮਾਣਿਕਤਾ ਕੋਡਾਂ ਰਾਹੀਂ ਡਿਲੀਵਰ ਕੀਤੇ ਜਾ ਰਹੇ ਹਨ। ਸੰਯੁਕਤ ਸਕੱਤਰ ਨੇ ਕਿਹਾ ਕਿ ਲਗਭਗ 6 ਲਖ 31 ਹਜ਼ਾਰ ਨਵੇਂ ਪੀਐਨਜੀ ਕੁਨੈਕਸ਼ਨ ਕੀਤੇ ਗਏ ਹਨ, ਅਤੇ 2 ਲੱਖ 67 ਹਜ਼ਾਰ ਵਾਧੂ ਕੁਨੈਕਸ਼ਨਾਂ ਲਈ ਬੁਨਿਆਦੀ ਢਾਂਚਾ ਬਣਾਇਆ ਗਿਆ ਏ। ਸੰਯੁਕਤ ਸਕੱਤਰ ਨੇ ਕਿਹਾ ਕਿ ਹੁਣ ਤੱਕ 693,000 ਖਪਤਕਾਰਾਂ ਨੇ ਪੀਐਨਜੀ

ਕੁਨੈਕਸ਼ਨਾਂ ਲਈ ਰਜਿਸਟਰ ਕੀਤਾ ਏ । ਉਨ੍ਹਾਂ ਦੱਸਿਆ ਕਿ 49,000 ਤੋਂ ਵੱਧ ਪੀਐਨਜੀ ਖਪਤਕਾਰਾਂ ਨੇ ਸਵੈ-ਇੱਛਾ ਨਾਲ ਆਪਣੇ ਐਲਪੀਜੀ ਕੁਨੈਕਸ਼ਨ ਛੱਡ ਦਿੱਤੇ ਹਨ। ਸ਼੍ਰੀਮਤੀ ਸੁਜਾਤਾ ਸ਼ਰਮਾ ਨੇ ਇਹ ਵੀ ਕਿਹਾ ਕਿ ਸੰਚਾਲਨ ਅਤੇ ਪ੍ਰਚੂਨ ਦੁਕਾਨਾਂ ਆਮ ਤੌਰ 'ਤੇ ਕੰਮ ਕਰ ਰਹੀਆਂ ਹਨ।

---------------------------------------------------------------

ਪੰਜਾਬ ਵਿੱਚ, ਕੱਲ੍ਹ ਰਾਤ ਜਲੰਧਰ ਵਿੱਚ ਭਾਰੀ ਸੁਰੱਖਿਆ ਵਾਲੇ BSF ਫਰੰਟੀਅਰ ਹੈੱਡਕੁਆਰਟਰ ਅਤੇ ਅੰਮ੍ਰਿਤਸਰ ਦੇ ਖਾਸਾ ਵਿਖੇ ਇੱਕ ਫੌਜੀ ਕੈਂਪ ਦੇ ਬਾਹਰ ਹੋਏ ਦੋਹਰੇ ਧਮਾਕੇ, ਅੱਜ ਆਪ੍ਰੇਸ਼ਨ ਸਿੰਦੂਰ ਦੀ ਵਰ੍ਹੇਗੰਢ ਦੇ ਮੱਦੇਨਜ਼ਰ ਪਾਕਿਸਤਾਨ ਦੇ ISI ਵਲੋਂ ਕੀਤੇ ਗਏ ਨਾਪਾਕ ਮਨਸੂਬਿਆਂ ਦਾ ਹਿੱਸਾ ਨੇ । ਪੰਜਾਬ ਪੁਲਿਸ ਮੁਖੀ  ਗੌਰਵ ਯਾਦਵ, ਨੇ ਫੌਜ ਅਤੇ ਹੋਰ ਸੁਰੱਖਿਆ ਅਧਿਕਾਰੀਆਂ ਨਾਲ ਅੰਮ੍ਰਿਤਸਰ ਦੇ ਖਾਸਾ ਵਿਖੇ ਧਮਾਕੇ ਵਾਲੀ ਥਾਂ ਦਾ ਦੌਰਾ ਕੀਤਾ, ਊਨਾ  ਕਿਹਾ ਕਿ ਸ਼ੁਰੂਆਤੀ ਜਾਂਚ ਮੁਤਾਬਿਕ  ਦੋਵਾਂ ਥਾਵਾਂ 'ਤੇ  IED ਦੀ ਵਰਤੋਂ ਕੀਤੀ ਗਈ ਏ । ਪੁਲਿਸ ਫੌਜ ਅਤੇ ਹੋਰ ਸੁਰੱਖਿਆ ਬਲਾਂ ਦੇ ਨਾਲ ਮਿਲ ਕੇ, ਹਰ ਪਹਿਲੂ ਤੋਂ ਡੂੰਘਾਈ ਨਾਲ ਜਾਂਚ ਕਰ ਰਹੀ ਏ ।

BYTE

ਜਲੰਧਰ ਤੋਂ ਸਾਡੇ ਪੱਤਰਕਾਰ ਨੇ ਦਸਿਆ ਕਿ ਹਾਲਾਂਕਿ ਦੋਵਾਂ ਥਾਵਾਂ ਤੋਂ ਕੋਈ ਜਾਨੀ ਨੁਕਸਾਨ ਦੀ ਰਿਪੋਰਟ ਨਹੀਂ ਏ , ਪਰ ਇਸ ਨੇ ਨਾ ਸਿਰਫ਼ ਉਨ੍ਹਾਂ ਖੇਤਰਾਂ ਵਿੱਚ ਸਗੋਂ ਪੂਰੇ ਰਾਜ ਵਿੱਚ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਇਸ ਦੌਰਾਨ, ਮੁੱਖ ਮੰਤਰੀ ਭਗਵੰਤ ਮਾਨ ਨੂੰ ਅੱਜ ਆਨੰਦਪੁਰ ਸਾਹਿਬ ਵਿਖੇ ਮੀਡੀਆ ਵਲੋਂ ਇਨਾ ਧਮਾਕਿਆਂ ਬਾਰੇ ਪੁੱਛੇ ਜਾਣ 'ਤੇ, ਧਮਾਕਿਆਂ ਨੂੰ ਮਾਮੂਲੀ ਦੱਸਿਆ ਅਤੇ ਵੋਟਾਂ ਪ੍ਰਾਪਤ ਕਰਨ ਲਈ ਲੋਕਾਂ ਵਿੱਚ ਹਿੰਸਾ ਅਤੇ ਡਰ ਫੈਲਾਉਣ ਲਈ BJP ਨੂੰ ਜ਼ਿੰਮੇਵਾਰ ਠਹਿਰਾਇਆ। ਇਸੇ ਦੌਰਾਨ ਵਿਰੋਧੀ ਪਾਰਟੀਆਂ ਨੇ ਮੁੱਖ ਮੰਤਰੀ ਦੇ ਇਸ ਬਿਆਨ ਦੀ ਨਿਖੇਧੀ ਕੀਤੀ ਏ।

-----------------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚਾਰ ਦਿਨਾਂ ਦੀ ਸ਼ੁਕਰਾਨਾ ਯਾਤਰਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਭ ਤੋਂ ਪਹਿਲਾਂ ਮੁੱਖ ਮੰਤਰੀ  ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਮੱਥਾ ਟੇਕਿਆ ਤੇ ਇਸ ਤੋਂ ਬਾਅਦ ਇਹ ਯਾਤਰਾ ਗੁਰੂ ਰਵਿਦਾਸ ਚੌਂਕ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਕੀਤੀ ਗਈ। ਜ਼ਿਕਰਯੋਗ ਏ ਕਿ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵੱਲੋਂ ਖਾਸ  ਇਜਲਾਸ ਦੌਰਾਨ ਸੂਬੇ ਵਿਚ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਸਜ਼ਾਵਾਂ ਦੇ ਪ੍ਰਬੰਧ ਲਈ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026" ਪਾਸ ਹੋਣ ਉਪਰੰਤ ਮੁੱਖ ਮੰਤਰੀ

ਪੰਜਾਬ ਮਾਨ ਵੱਲੋਂ ਇਹ ਸ਼ੁਕਰਾਨਾ ਯਾਤਰਾ ਕੀਤੀ ਜਾ ਰਹੀ ਏ। ਇਸ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਹ ਯਾਤਰਾ ਰੂਪਨਗਰ ਤੋਂ ਹੁੰਦੀ ਹੋਈ ਪੰਜਾਬ ਦੇ ਮੁੱਖ ਧਾਰਮਿਕ ਅਸਥਾਨਾਂ ਤੱਕ ਪਹੁੰਚੇਗੀ। ਯਾਤਰਾ ਸ੍ਰੀ ਅੰਮ੍ਰਿਤਸਰ ਸਾਹਿਬ, ਦਮਦਮਾ ਸਾਹਿਬ, ਮਸਤੂਆਣਾ ਸਾਹਿਬ, ਦੂਖ ਨਿਵਾਰਨ ਸਾਹਿਬ ਤੇ ਸ੍ਰੀ ਫਤਹਿਗੜ੍ਹ ਸਾਹਿਬ ਤੱਕ ਜਾਵੇਗੀ। 4 ਦਿਨਾਂ ਦੀ ਯਾਤਰਾ ਦੀ ਸਮਾਪਤੀ 9 ਮਈ ਨੂੰ ਫਤਿਹਗੜ੍ਹ ਸਾਹਿਬ ਵਿਚ ਕੀਤੀ ਜਾਵੇਗੀ। ਓਧਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਕੋਟਕਪੂਰਾ ਵਿਖੇ ਪਾਰਟੀ ਅਹੁਦੇਦਾਰਾਂ, ਬਲਾਕ ਪ੍ਰਧਾਨਾਂ, ਸਰਪੰਚਾਂ ਅਤੇ ਵੱਖ-ਵੱਖ ਵਿੰਗਾਂ ਦੇ ਆਗੂਆਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਤਾਂ ਜੋ ਆਉਣ ਵਾਲੀ 'ਸ਼ੁਕਰਾਨਾ ਯਾਤਰਾ' ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੀਟਿੰਗ ਕਲ 7 ਮਈ ਨੂੰ ਕੋਟਕਪੂਰਾ ਪਹੁੰਚਣ ਵਾਲੀ 'ਸ਼ੁਕਰਾਨਾ ਯਾਤਰਾ' ਦੇ ਸਵਾਗਤ ਨੂੰ ਯਕੀਨੀ ਬਣਾਉਣ ਲਈ ਮੁੱਖ ਜ਼ਿੰਮੇਵਾਰੀਆਂ ਸੌਂਪਣ 'ਤੇ ਕੇਂਦ੍ਰਿਤ ਸੀ।

---

ਅੱਜ ਪੰਜਾਬ ਦੇ ਨਾਮਵਰ ਕਵੀ ਅਤੇ "ਬਿਰਹਾ ਦੇ ਸੁਲਤਾਨ "ਵਜੋਂ ਜਾਣੇ ਜਾਂਦੇ ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ ਮੌਕੇ ਬਟਾਲਾ 'ਚ ਕਵੀ ਦਰਬਾਰ ਕਰਵਾਇਆ ਗਿਆ।

ਇਸ ਮੌਕੇ ਬਟਾਲਾ ਦੇ ਲੋਕਾਂ ਸਮੇਤ ਪੰਜਾਬੀ ਮਾਂ ਬੋਲੀ ਦੇ ਨਾਮੀ ਕਵੀਆਂ ਵੱਲੋਂ ਸ਼ਿਵ ਬਟਾਲਵੀ ਨੂੰ ਯਾਦ ਕੀਤਾ ਗਿਆ |

ਪੇਸ਼ ਏ ਇਕ ਰਿਪੋਰਟ :

*ਸ਼ਿਵ ਕੁਮਾਰ ਬਟਾਲਵੀ ਦਾ ਜਨਮ ਲਹਿੰਦੇ ਪੰਜਾਬ ਚ ਹੋਇਆ ਸੀ ਲੇਕਿਨ ਦੋ ਮੁਲਕਾਂ ਦੀ ਵੰਡ ਬਾਅਦ ਛੋਟੀ ਉਮਰੇ ਸ਼ਿਵ ਆਪਣੇ ਪਰਿਵਾਰ ਨਾਲ ਚੜ੍ਹਦੇ ਪੰਜਾਬ ਦੇ ਸਨਅਤੀ ਨਗਰ ਬਟਾਲਾ ਚ ਆ ਵੱਸੇ ਅਤੇ ਆਪਣਾ ਬਚਪਨ ਤੇ ਜਵਾਨੀ ਦਾ ਸਬ ਤੋਂ ਵੱਧ ਸਮਾਂ ਏਥੇ ਹੀ ਗੁਜ਼ਾਰਿਆ । ਇਹੀ ਵਜਹ ਸੀ ਕਿ ਸ਼ਿਵ ਨੇ ਖੁਦ ਨੂੰ ਬਟਾਲਵੀ ਆਖਿਆ। ਅੱਜ ਵੀ ਉਹਨਾਂ ਦੇ ਜੱਦੀ ਘਰ ਚ ਓਹਨਾ ਦੇ ਵਡੇ ਭਰਾ ਦੇ ਬੇਟੇ ਰਾਜੀਵ ਬਟਾਲਵੀ ਪਰਿਵਾਰ ਸਮੇਤ ਰਹਿੰਦੇ ਹਨ । ਰਾਜੀਵ ਬਟਾਲਵੀ ਨੀ ਦੱਸਿਆ ਕੇ ਹਰ ਸਾਲ ਭਾਵੇ ਸ਼ਿਵ ਦਾ ਜਨਮ ਦਿਹਾੜਾ ਹੋਵੇ ਜਾ ਬਰਸੀ, ਲੋਕ ਓਹਨਾ ਨੂੰ ਯਾਦ ਕਰਦੇ ਹਨ ਅਤੇ ਉਹਨਾਂ ਦੇ ਪ੍ਰੇਮੀ ਦੇਸ਼ ਵਿਦੇਸ਼ ਤੋ ਆਕੇ ਸ਼ਿਵ ਨੂੰ ਸ਼ਰਧਾਂਜਲੀ ਦੇਂਦੇ ਹਨ । ਓਹਨਾ ਦੀ ਯਾਦ ਵਿਚ ਅੱਜ ਕਾਰਵਾਏ ਗਏ ਸਮਾਗਮ ਵਿਚ ਸ਼ਿਵ ਕੁਮਾਰ ਬਟਾਲਵੀ ਕਲਚਰਲ ਸੋਸਾਇਟੀ ਦੇ ਮੁਖੀ ਵਿਜੇ ਸੋਨੀ ਨੇ ਕਿਹਾ ਕਿ ਸ਼ਿਵ ਦੀ ਹਰ ਲਿਖਤ ਚ ਪੰਜਾਬ ਦਾ ਉਹ ਅਕਸ ਨਜ਼ਰ ਆਉਂਦਾ ਹੈ ਜੋ ਚਾਹੇ ਲੋਕ ਭੁਲਦੇ ਜਾ ਰਹੇ ਹਨ ਪਰੰਤੂ ਸ਼ਿਵ ਦੇ ਹਰਫ਼ ਸਮੇ ਨਾਲ ਹੋਰ ਪ੍ਰਭਾਵ ਛੱਡ ਰਹੇ ਹਨ । ਉਹਨਾਂ ਕਿਹਾ ਕਿ ਇਕੱਲੇ ਬਿਰਹਾ ਹੀ ਨਹੀਂ ਬਲਕਿ ਹਰ ਪੱਖ ਤੋ ਸ਼ਿਵ ਦੀਆ ਰਚਨਾਵਾਂ ਹਨ ਅਤੇ ਵਿਸ਼ੇਸ਼ ਕਰ ਮਹਿਲਾਵਾਂ ਦੇ ਹੱਕਾ ਦੀ ਗੱਲ ਸ਼ਿਵ ਬਟਾਲਵੀ ਨੇ ਬਾਖੂਬੀ ਨਿਭਾਈ ਹੈ| ਸਮਾਗਮ ਚ ਸ਼ਾਮਲ ਹੋਏ ਬਟਾਲਾ ਦੇ ਐਮ ਐਲ ਏ, ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਸ਼ਹਿਰ ਚ ਜੋ ਨੌਜਵਾਨ ਪੀੜ੍ਹੀ ਸ਼ਿਵ ਦੇ ਸਾਹਿਤ ਅਤੇ ਸਹਿਤ ਜਗਤ ਨਾਲ ਜੁੜਨਾ ਚਾਹੁੰਦੀ ਹੈ ਉਹ ਆਗੇ ਆਏ ਅਤੇ ਇਸ ਵਿਰਾਸਤ ਨੂੰ ਸੰਭਾਲੇ । ਬਟਾਲਾ ਤੋਂ ਬਿਸ਼ੰਬਰ ਬਿੱਟੂ ਨਾਲ ਆਕਾਸ਼ਵਾਣੀ ਖ਼ਬਰਾਂ ਲਈ ਜਲੰਧਰ ਤੋਂ ਮੈਂ ਰਾਜੇਸ਼ ਬਾਲੀ|*

---------------------------------------------------------------

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬੇ 'ਚ 122 ਲੱਖ ਮੀਟਰਕ ਟਨ

ਕਣਕ ਦੀ ਖਰੀਦ ਦਾ ਟੀਚਾ ਮੁਕੰਮਲ ਹੋਣ ਨੇੜੇ ਏ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 121.ਲੱਖ 65 ਹਜ਼ਾਰ ਮੀਟਰਕ ਟਨ ਕਣਕ ਪਹੁੰਚੀ ਏ , ਜਿਸ ਵਿੱਚੋਂ 120 ਲੱਖ 89 ਹਜ਼ਾਰ ਮੀਟਰਕ ਟਨ ਕਣਕ ਖਰੀਦੀ ਜਾ ਚੁੱਕੀ ਏ। ਖਰੀਦੀ ਗਈ ਕਣਕ ਵਿੱਚੋਂ ਕੱਲ੍ਹ ਦੇਰ ਸ਼ਾਮ ਤੱਕ ਵੱਖ-ਵੱਖ ਸਰਕਾਰੀ ਏਜੰਸੀਆਂ ਨੇ 119 ਲੱਖ 56 ਹਜ਼ਾਰ ਮੀਟਰਕ ਟਨ ਖਰੀਦੀ ਏ। ਵਿਭਾਗ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਉਹ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਲਈ ਸੂਬੇ ਭਰ ਦੀਆਂ ਮੰਡੀਆਂ ਦਾ ਨਿੱਜੀ ਤੌਰ 'ਤੇ ਦੌਰਾ ਕਰ ਰਹੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੁਸ਼ਕਲ ਰਹਿਤ ਖਰੀਦ ਸੀਜ਼ਨ ਨੂੰ ਨੇਪਰੇ ਚਾੜ੍ਹਨ ਵਿੱਚ ਕੋਈ ਪਰੇਸ਼ਾਨੀ ਨਾ ਆਵੇ। ਖਰੀਦੀ ਜਿਣਸ ਦੀ ਅਦਾਇਗੀ ਵਜੋਂ ਕਿਸਾਨਾਂ ਨੂੰ 29 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਨੂੰ ਪਹਿਲਾਂ ਹੀ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫ਼ਰ ਕੀਤੀ ਗਈ ਏ। ਅਨਾਜ ਦੇ ਭੰਡਾਰਨ ਸਬੰਧੀ ਜਗ੍ਹਾ ਦੀ ਘਾਟ ਬਾਰੇ ਬੋਲਦਿਆਂ, ਮੰਤਰੀ ਨੇ ਕਿਹਾ ਕਿ ਇਸ ਮੁੱਦੇ ਨੂੰ ਕੇਂਦਰ ਸਰਕਾਰ ਦੇ ਧਿਆਨ 'ਚ ਲਗਾਤਾਰ ਲਿਆਇਆ ਜਾ ਰਿਹਾ ਏ।

-----------------------------------------------------------

ਫਿਰੋਜ਼ਪੁਰ ਡਿਵੀਜ਼ਨ ਦੇ ਟਿਕਟ ਚੈਕਿੰਗ ਅਮਲੇ ਨੂੰ , ਜੰਮੂ ਤਵੀ ਹਮਸਫ਼ਰ ਐਕਸਪ੍ਰੈਸ 'ਚ ਲੁਧਿਆਣਾ ਤੋਂ ਜੰਮੂ ਤਵੀ ਵਿਚਕਾਰ ਦੇ

ਸਲੀਪਰ ਡੱਬਿਆਂ ਵਿੱਚ ਟਿਕਟਾਂ ਦੀ ਜਾਂਚ ਦੌਰਾਨ ਛੇ ਬਚੇ ਇਕੱਲਿਆਂ ਰੇਲਗੱਡੀ ਵਿੱਚ ਸਫ਼ਰ ਕਰਦੇ ਮਿਲੇ। ਆਪਣੀ ਚੌਕਸੀ ਦਿਖਾਉਂਦੇ ਹੋਏ, ਉਨ੍ਹਾਂ ਨੇ ਬੱਚਿਆਂ ਤੋਂ ਪੁੱਛਗਿੱਛ ਕੀਤੀ ਅਤੇ ਪਤਾ ਲੱਗਾ ਕਿ ਉਹ ਸਾਰੇ ਘਰੋਂ ਭੱਜ ਕੇ ਆਏ ਸਨ। ਟਿਕਟ ਚੈਕਿੰਗ ਸਟਾਫ ਮੈਂਬਰ ਰਾਜਵੀਰ ਸਿੰਘ ਨੇ ਤੁਰੰਤ ਬੱਚੇ ਵਲੋਂ ਦਿੱਤੇ ਗਏ ਮੋਬਾਈਲ ਨੰਬਰ ਦੀ ਵਰਤੋਂ ਕਰਕੇ ਇੱਕ ਬੱਚੇ ਦੇ ਮਾਪਿਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਸਥਿਤੀ ਬਾਰੇ ਜਾਣਕਾਰੀ ਦਿੱਤੀ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਰੇਲ ਗੱਡੀ ਕੰਡਕਟਰ ਰਜਿੰਦਰ ਸਿੰਘ ਨੇ ਤੁਰੰਤ ਵਪਾਰਕ ਕੰਟਰੋਲਰ ਦਫਤਰ, ਜੰਮੂ ਨੂੰ ਸੂਚਿਤ ਕੀਤਾ। ਜੰਮੂ ਤਵੀ ਸਟੇਸ਼ਨ 'ਤੇ ਪਹੁੰਚਣ 'ਤੇ, ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਰੇਲਵੇ ਸੁਰੱਖਿਆ ਬਲ ਅਤੇ ਬਾਲ ਦੇਖਭਾਲ ਸਟਾਫ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਸੁਰੱਖਿਅਤ ਘਰ ਵਾਪਸੀ ਨੂੰ ਯਕੀਨੀ ਬਣਾਉਣ ਲਈ ਦੁਬਾਰਾ ਸੰਪਰਕ ਸਥਾਪਿਤ ਕੀਤਾ ਗਿਆ। ਮਾਪੇ ਉਨ੍ਹਾਂ ਨੂੰ ਲੈਣ ਲਈ ਜੰਮੂ ਤਵੀ ਸਟੇਸ਼ਨ 'ਤੇ ਪਹੁੰਚ ਰਹੇ ਹਨ। ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ, ਬਸੰਤ ਕੁਮਾਰ ਨੇ ਕਿਹਾ ਕਿ ਟਿਕਟ ਚੈਕਿੰਗ ਸਟਾਫ ਨੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਬਹੁਤ ਹੀ ਜਲਦੀ ਅਤੇ ਜ਼ਿੰਮੇਵਾਰੀ ਦਿਖਾਈ, ਜੋ ਰੇਲਵੇ ਲਈ ਮਾਣ ਵਾਲੀ ਗੱਲ ਏ  ਅਤੇ ਸਾਰੇ ਰੇਲਵੇ ਕਰਮਚਾਰੀਆਂ ਲਈ ਇੱਕ ਮਿਸਾਲ ਵੀ ਸਥਾਪਿਤ ਕਰਦੀ ਏ ।

---

ਪੰਜਾਬ 'ਚ ਅੱਜ ਕੁਝ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਈ। ਸੂਬੇ 'ਚ ਘੱਟੋ ਘੱਟ ਤਾਪਮਾਨ 18 ਡਿਗਰੀ ਸੈਲਸੀਅਸ ਲੁਧਿਆਣਾ ਦੇ ਬੱਲੋਵਾਲ ਵਿੱਚ ਅਤੇ ਵੱਧ ਤੋਂ ਵੱਧ ਤਾਪਮਾਨ, 37.1 ਡਿਗਰੀ ਸੈਲਸੀਅਸ ਬਠਿੰਡਾ 'ਚ ਦਰਜ ਕੀਤਾ ਗਿਆ ਏ। ਮੌਸਮ ਵਿਭਾਗ ਨੇ ਅੱਜ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਪਠਾਨਕੋਟ, ਬਟਾਲਾ ਅਤੇ ਨਵਾਂ ਸ਼ਹਿਰ ਵਿੱਚ ਗਰਜ ਚਮਕ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਸੰਭਾਵਨਾ ਜਤਾਈ ਏ। ਮੌਸਮ ਵਿਭਾਗ ਨੇ ਕੱਲ 7 ਮਈ ਨੂੰ ਵੀ ਕੁਝ ਥਾਵਾਂ 'ਤੇ ਤੇਜ਼ ਹਵਾਵਾਂ ਅਤੇ ਗਰਜ ਚਮਕ ਬਾਰੇ ਯੇਲੋ ਅਲਰਟ ਦੀ ਪੇਸ਼ੀਨਗੋਈ ਕੀਤੀ ਏ।

---

IPL ਕ੍ਰਿਕੇਟ ਵਿੱਚ, ਅੱਜ ਪੰਜਾਬ ਕਿੰਗਜ਼ ਦਾ ਮੁਕਾਬਲਾ ਹੈਦਰਾਬਾਦ ਵਿੱਚ ਸ਼ਾਮੀਂ ਸਾਢੇ 7 ਵਜੇ ਸਨਰਾਈਜ਼ਰਸ ਹੈਦਰਾਬਾਦ ਨਾਲ ਹੋਵੇਗਾ।

---

- ਸਰਕਾਰ ਨੇ ਕਿਹਾ -ਘਰੇਲੂ LPG ਵੰਡ ਦੇਸ਼ ਭਰ ਵਿੱਚ ਆਮ ਵਾਂਗ ਜਾਰੀ ਏ।
- ਪੰਜਾਬ ਪੁਲਿਸ ਮੁਖੀ ਨੇ ਸੂਬੇ 'ਚ ਹੋਏ ਦੋਹਰੇ ਧਮਾਕਿਆਂ ਲਈ ਪਾਕਿਸਤਾਨ ਦੀ ISI ਨੂੰ ਜ਼ਿਮੇਵਾਰ ਦੱਸਿਆ।

- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਅੱਜ ਚਾਰ ਦਿਨਾਂ ਦੀ ਸ਼ੁਕਰਾਨਾ ਯਾਤਰਾ ਦੀ ਸ਼ੁਰੂਆਤ ।
- ਪੰਜਾਬ ਦੇ ਨਾਮਵਰ ਕਵੀ ਅਤੇ "ਬਿਰਹਾ ਦੇ ਸੁਲਤਾਨ ''ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ ਮੌਕੇ ਬਟਾਲਾ 'ਚ ਕਵੀ ਦਰਬਾਰ ਦਾ ਆਯੋਜਨ।
- ਮੌਸਮ ਵਿਭਾਗ ਵਲੋਂ ਅੱਜ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਪਠਾਨਕੋਟ, ਬਟਾਲਾ ਅਤੇ ਨਵਾਂ ਸ਼ਹਿਰ ਵਿੱਚ ਗਰਜ ਚਮਕ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਪੇਸ਼ੀਨਗੋਈ।
- IPL ਕ੍ਰਿਕੇਟ ਵਿੱਚ, ਪੰਜਾਬ ਕਿੰਗਜ਼ ਦਾ ਮੁਕਾਬਲਾ, ਹੈਦਰਾਬਾਦ ਵਿੱਚ ਸ਼ਾਮੀਂ ਸਾਢੇ 7 ਵਜੇ ਸਨਰਾਈਜ਼ਰਸ ਹੈਦਰਾਬਾਦ ਨਾਲ ਹੋਵੇਗਾ।

---------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ** !